# ਚਾਰ ਇੰਜ਼ੀਲਾਂ ਯਿਸੂ ਬਾਰੇ ਗਵਾਹੀ ਦੇਂਦੀਆਂ ਹਨ,

# ਸਮਝੋ ਕਿ ਕਿਵੇਂ ਚਾਰ ਇੰਜੀਲਾਂ ਇਕ ਸਮਾਨ ਹਨ ਅਤੇ ਕਿਵੇਂ ਉਹ ਵੱਖ ਹਨ।

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ G2b ਦਾ ਅਧਿਐਨ ਕਰਨਾ ਚਾਹੀਦਾ ਹੈ।

ਪਰਮੇਸ਼ੁਰ ਦੇ ਵਚਨ ਅਤੇ ਪ੍ਰਾਰਥਨਾ ਦੁਆਰਾ ਆਪਣੇ ਆਪ ਨੂੰ ਤਿਆਰ ਕਰੋ।

**ਪ੍ਰਾਰਥਨਾ:** ''ਪਵਿੱਤਰ ਪਿਤਾ, ਤੂੰ ਸਾਨੂੰ ਆਪਣੇ ਪੁੱਤਰ ਯਿਸੂ ਬਾਰੇ ਗਵਾਹੀ ਦਿੱਤੀ ਹੈ, ਅਤੇ ਸਾਨੂੰ ਚਾਰ ਇੰਜ਼ੀਲਾਂ ਦਿੱਤੀਆਂ ਹਨ। ਸਾਨੂੰ ਉਨ੍ਹਾਂ ਨੂੰ ਜਾਣਨ, ਆਗਿਆ ਪਾਲਣ ਕਰਨ ਅਤੇ ਉਨ੍ਹਾਂ ਨੂੰ ਹੋਰਨਾਂ ਨੂੰ ਸਿਖਾਉਣ ਲਈ ਕਿਰਪਾ ਦ।''

**1.** ਪਿਛੋਕੜ

- ਕਿਉਂਕਿ ਪ੍ਰਾਚੀਨ ਸਮਿਆਂ ਦੇ ਬਹੁਤ ਸਾਰੇ ਗਵਾਹਾਂ ਦੀ ਗਵਾਹੀ ਮਜ਼ਬੂਤ ਹੈ। ਮੂਸਾ ਦੀ ਸ਼ਰਾ ਅਨੁਸਾਰ, ਕਾਨੂੰਨੀ ਮੁਕੱਦਮੇ ਲਈ ਦੋ ਜਾਂ ਤਿੰਨ ਗਵਾਹਾਂ ਦੀ ਲੋੜ ਪੈਂਦੀ ਸੀ।
- ਪਵਿੱਤਰ ਆਤਮਾ ਨੇ ਸਾਨੂੰ ਯਿਸੂ ਦੇ ਜੀਵਨ ਅਤੇ ਸਿੱਖਿਆਵਾਂ ਦੀਆਂ ਚਾਰ ਗਵਾਹੀਆਂ ਦਿੱਤੀਆਂ ਹਨ: ਮਰਕੁਸ, ਮੱਤੀ, ਲੂਕਾ ਅਤੇ ਯੂਹੰਨਾ, ਚਾਰ ਇੰਜ਼ੀਲਾਂ ਦੇ ਰਚਨਾਕਾਰ ਅਤੇ ਲੇਖਕ।
- ਚਾਰਾਂ ਇੰਜ਼ੀਲਾਂ ਦੇ ਲੇਖਕ ਉਸ ਸਮੇਂ ਜਿਉਂਦੇ ਸਨ, ਜਦੋਂ ਯਿਸੂ ਸੰਸਾਰ ਵਿੱਚ ਸੀ। ਉਨ੍ਹਾਂ ਵਿੱਚੋਂ ਤਿੰਨ ਜਣੇ ਉਸਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਲੂਕਾ ਨੇ ਯਿਸੂ ਬਾਰੇ ਤੱਥਾਂ ਦੀ ਜਾਂਚ ਕੀਤੀ (ਲੂਕਾ 1:1-3)। ਇਸ ਤਰ੍ਹਾਂ, ਚਾਰ ਇੰਜ਼ੀਲਾਂ ਸਭ ਤੋਂ ਮਜ਼ਬੂਤ ਬਿਰਤਾਂਤ ਦਾ ਚਸ਼ਮਦੀਦ ਗਵਾਹ ਹਨ।
- ਸਾਰੀਆਂ ਚਾਰ ਇੰਜ਼ਲਾਂ ਦੇ ਲੇਖਕਾਂ ਨੇ ਯਿਸੂ ਬਾਰੇ ਕੁਝ ਨਾ ਕੁਝ ਇਕੋ ਜਿਹਾ ਬਿਰਤਾਂਤ ਆਪਣੀ ਇੰਜੀਲ ਵਿੱਚ ਸ਼ਾਮਿਲ ਕੀਤਾ, ਅਤੇ ਹਰ ਇਕ ਉਸ ਬਿਰਤਾਂਤ ਨੂੰ ਆਪਣੀ ਇੰਜ਼ੀਲ ਵਿੱਚ ਲਿਖਿਆ, ਜਿਹੜਾ ਦੂਜਿਆਂ ਨੇ ਛੱਡ ਦਿੱਤਾ ਸੀ। ਫਿਰ ਵੀ ਸਾਰੇ ਸਹਿਮਤ ਹਨ; ਚਾਰ ਇੰਜ਼ੀਲਾਂ ਇਕੋ ਸੱਚੀ ਕਹਾਣੀ ਦਾ ਰੂਪ ਹਨ।
- ਕਈ ਸਦੀਆਂ ਬਾਅਦ, ਹੋਰ ਧਰਮਾਂ ਨੇ ਯਿਸੂ ਬਾਰੇ ਕਹਾਣੀਆਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ, ਪਰ ਅਸੀਂ ਅਸਲ ਚਾਰ ਇੰਜ਼ੀਲਾਂ ਤੇ ਭਰੋਸਾ ਕਰ ਸਕਦੇ ਹਾਂ



**17ਵੀਂ ਸਦੀ ਦੀ ਚਿੱਤਰਕਾਰੀ**

**ਲੂਕਾ 1:1-4** ਵਿੱਚੋਂ ਲੱਭੋ ਇੰਜ਼ੀਲਾਂ ਕਿਥੋਂ ਆਈਆਂ।

ਚਾਰ ਇੰਜ਼ੀਲਾਂ ਦੇ ਹਰ ਲੇਖਕ ਦਾ ਨਾਮ ਅਤੇ ਮੁੱਖ ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ ਯਾਦ ਕਰੋ:

### ਮਰਕੁਸ

- ਮਰਕੁਸ ਜਵਾਨ ਸੀ ਜਦੋਂ ਯਿਸੂ ਨੂੰ ਸਲੀਬ ਦਿੱਤਾ ਗਿਆ।
- ਉਹ ਯਹੂਦੀ ਪਰਿਵਾਰ ਤੋਂ ਸੀ, ਉਸਨੇ ਯਿਸੂ ਨੂੰ ਵੇਖਿਆ ਸੀ, ਅਤੇ ਪਤਰਸ ਰਸੂਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ।
- ਉਸਨੇ ਬਾਅਦ ਵਿੱਚ ਪੌਲੁਸ ਰਸੂਲ ਨਾਲ ਸੇਵਾ ਕੀਤੀ। ਸ਼ਾਇਦ ਉਸਨੇ ਆਪਣੀ ਇੰਜ਼ੀਲ ਦੂਜਿਆਂ ਦੇ ਲਿਖਣ ਤੋਂ ਪਹਿਲਾਂ ਲਿਖੀ।
- ਇਹ ਸਭ ਤੋਂ ਛੋਟੀ ਇੰਜ਼ੀਲ ਹੈ, ਅਤੇ ਸਭ ਤੋਂ ਜ਼ਿਆਦਾ ਕੰਮਾਂ ਦਾ ਵਰਨਣ ਕਰਦੀ ਹੈ, ਜਿਹੜੇ ਯਿਸੂ ਨੇ ਕੀਤੇ। ਰੋਮ ਦੇ ਲੋਕ ਸ਼ਕਤੀ ਦੀ ਕਦਰ ਕਰਦੇ ਸਨ ਅਤੇ ਖਾਸ ਕਰਕੇ ਮਰਕੁਸ ਦੀ ਇੰਜ਼ੀਲ ਪੜ੍ਹਨੀ ਪਸੰਦ ਕਰਦੇ ਸਨ।

### ਮੱਤੀ

- ਮੱਤੀ ਇੱਕ ਗੰਭੀਰ ਯਹੂਦੀ ਅਤੇ ਚੁੰਗੀ ਲੈਣ ਵਾਲਾ ਮਸੂਲੀਆ ਸੀ, ਜਦ ਤੱਕ ਯਿਸੂ ਨੇ ਉਸਨੂੰ ਆਪਣੇ ''ਪਿੱਛੇ ਆਉਣ'' ਲਈ ਨਹੀਂ ਕਿਹਾ।
- ਉਸਨੇ ਮਰਕੁਸ ਦੀ ਇੰਜ਼ੀਲ ਦੇ ਕੁਝ ਭਾਗਾਂ ਦਾ ਪ੍ਰਯੋਗ ਕੀਤਾ ਅਤੇ ਜਿੰਨਾਂ ਉਹ ਨਿੱਜੀ ਰੂਪ ਵਿੱਚ ਉਹ ਬਿਰਤਾਂਤ ਜਾਣਦਾ ਸੀ, ਉਸ ਵਿਚ ਸ਼ਾਮਿਲ ਕੀਤਾ।
- ਉਸਨੇ ਬਹੁਤ ਸਾਰੀਆਂ ਘਟਨਾਵਾਂ ਅਤੇ ਵੇਰਵਿਆਂ ਨੂੰ ਬਿਆਨ ਕੀਤਾ, ਜਿਨ੍ਹਾਂ ਨੂੰ ਯਹੂਦੀ ਲੋਕ ਚੰਗੀ ਤਰ੍ਹਾਂ ਸਮਝ ਗਏ।

### ਲੂਕਾ

- ਲੂਕਾ ਇਕ ਗੈਰ-ਯਹੂਦੀ ਚਿਕਿਤਸਾ ਸਬੰਧੀ ਡਾਕਟਰ ਸੀ, ਜਿਹੜਾ ਯਿਸੂ ਦੇ ਮਰਨ ਅਤੇ ਜੀ ਉੱਠਣ ਤੋਂ ਬਾਅਦ ਵਿਸ਼ਵਾਸੀ ਬਣਿਆ।
- ਉਸਨੇ ਪੌਲੁਸ ਰਸੂਲ ਨਾਲ ਯਾਤਰਾ ਕੀਤੀ। ਜਦੋਂ ਪੌਲੁਸ ਯਹੂਦਿਯਾ ਵਿੱਚ ਕੈਦ ਵਿੱਚ ਸੀ, ਲੂਕਾ ਉੱਥੇ ਗਿਆ ਅਤੇ ਯਿਸੂ ਬਾਰੇ ਬਿਰਤਾਂਤ ਦੇ ਚਸ਼ਮਦੀਦ ਗਵਾਹਾਂ ਦੀ ਜਾਂਚ ਕੀਤੀ।
- ਲੂਕਾ ਨੇ ਯਿਸੂ ਬਾਰੇ ਅਤੇ ਜਿਨ੍ਹਾਂ ਨੂੰ ਉਹ ਮਿਲਿਆ ਉਨ੍ਹਾਂ ਬਾਰੇ ਬਹੁਤ ਸਾਰੇ ਵੇਰਵਿਆਂ ਦਾ ਵਰਣਨ ਕੀਤਾ, ਇਹ ਵਿਖਾਉਂਦਿਆਂ ਕਿ ਉਸਨੇ ਚਸ਼ਮਦੀਦ ਗਵਾਹਾਂ ਨੂੰ ਧਿਆਨਪੂਰਵਕ ਸੁਣਿਆਂ ਜਿਨ੍ਹਾਂ ਨਾਲ ਉਸਨੇ ਯਹੂਦਿਯਾ ਵਿੱਚ ਮੁਲਾਕਾਤ ਕੀਤੀ ਸੀ।
- ਲੂਕਾ ਨੇ ਬਹੁਤ ਸਾਰੇ ਇਤਹਾਸਿਕ ਅਤੇ ਚਿਕਿਤਸਾ ਸਬੰਧੀ ਤੱਥਾਂ ਨੂੰ ਸ਼ਾਮਿਲ ਕੀਤਾ, ਜਿਹੜੇ ਗੈਰ ਯਹੂਦੀ ਪਾਠਕਾਂ ਨੂੰ ਆਕਰਸ਼ਿਤ ਕਰਦੇ ਹਨ।

### ਯੂਹੰਨਾ

- ਯੂਹੰਨਾ ਯਿਸੂ ਨੂੰ ਮਿਲਣ ਤੋਂ ਪਹਿਲਾਂ, ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਚੇਲਾ ਸੀ ਅਤੇ ਯਿਸੂ ਨੂੰ ਮਿਲਣ ਤੋਂ ਬਾਅਦ ਉਹ ਉਸਦਾ ਸਭ ਤੋਂ ਸ਼ਰਧਾਵਾਨ ਚੇਲਾ ਬਣ ਗਿਆ।
- ਯੂਹੰਨਾ ਲੰਬੀ ਉਮਰ ਤੱਕ ਜੀਉਂਦਾ ਰਿਹਾ। ਉਸਨੇ ਮਰਨ ਤੋਂ ਪਹਿਲਾਂ ਆਪਣੀ ਇੰਜ਼ੀਲ ਦੇ ਵੇਰਵੇ ਨੂੰ ਪੂਰਾ ਕਰਨ ਲਈ ਉਹ ਗੱਲਾਂ ਜੋੜੀਆਂ, ਜੋ ਦੂਜੀਆਂ ਇੰਜ਼ੀਲਾਂ ਵਿੱਚ ਛੱਡ ਦਿੱਤੀਆਂ ਗਈਆਂ ਸਨ।
- ਉਸਨੇ ਯਿਸੂ ਦੇ ਬਹੁਤ ਸਾਰੇ ਲੰਬੇ ਵਾਰਤਾਲਾਪ ਦਰਜ਼ ਕੀਤੇ, ਜਿਨ੍ਹਾਂ ਨੂੰ ਹਰ ਮਸੀਹੀ ਪਿਛੋਕੜ ਦੇ ਲੋਕ ਪੜ੍ਹਨ ਦਾ ਅਨੰਦ ਮਾਣਦੇ ਹਨ।

  ਚਾਰੇ ਇੰਜ਼ੀਲਾਂ ਮਿਲਕੇ, ਯਿਸੂ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਪੇਸ਼ ਕਰਦੀਆਂ ਹਨ, ਜਿਸ ਵਿੱਚ ਉਸਦੀਆਂ ਬਹੁਤ ਸਾਰੀਆਂ ਸਿੱਖਿਆਵਾਂ, ਹੁਕਮ ਅਤੇ ਵਾਅਦੇ ਸ਼ਾਮਿਲ ਹਨ।
- ਸਾਰੀਆਂ ਚਾਰ ਇੰਜ਼ੀਲਾਂ ਵਰਨਣ ਕਰਦੀਆਂ ਹਨ ਕਿ ਕਿਵੇਂ ਯਿਸੂ ਨੂੰ ਸਲੀਬ ਦਿੱਤਾ ਗਿਆ ਅਤੇ ਦਫਨਾਇਆ ਗਿਆ, ਅਤੇ ਕਿਵੇਂ ਉਹ ਜੀਅ ਉੱਠਿਆ ਅਤੇ ਬਹੁਤ ਸਾਰੇ ਗਵਾਹਾਂ ਅੱਗੇ ਪ੍ਰਗਟ ਹੋਇਆ।
- ਚਾਰ ਇੰਜ਼ੀਲਾਂ ਵਿੱਚੋਂ ਬਿਰਤਾਂਤ ਪੜ੍ਹਨਾਂ ਅਤੇ ਦੱਸਣਾ, ਦੂਜਿਆਂ ਨੂੰ ਖੁਸ਼ਖ਼ਬਰੀ ਸੁਣਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਢੰਗ ਹੈ।

**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਹਫ਼ਤੇ ਦੀਆਂ ਗਤੀਵਿਧੀਆਂ ਬਾਰੇ ਯੋਜਨਾ ਬਣਾਓ।**

ਵਿੱਚਾਰ ਵਿਮਰਸ਼ ਕਰੋ ਕਿ ਚਾਰ ਇੰਜ਼ੀਲਾਂ ਦੇ ਲੇਖਕ ਕੌਣ ਸਨ, ਅਤੇ ਕਿਵੇਂ ਉਨ੍ਹਾਂ ਦੀਆਂ ਲਿਖਤਾਂ ਇਕੋ ਜਿਹੀਆਂ ਹਨ ਅਤੇ ਉਹ ਕਿਵੇਂ ਵੱਖ-ਵੱਖ ਹਨ।

- ਵਿਸ਼ਵਾਸੀਆਂ ਅਤੇ ਗੈਰ ਵਿਸ਼ਵਾਸੀਆਂ ਦੇ ਘਰਾਂ ਵਿੱਚ ਜਾਓ।
- ਦੱਸੋ ਕਿ ਸਾਰੀਆਂ ਚਾਰ ਇੰਜ਼ੀਲਾਂ ਉਨ੍ਹਾਂ ਲੋਕਾਂ ਦੁਆਰਾ ਸੱਚੀਆਂ ਕਹਾਣੀਆਂ ਪੇਸ਼ ਕੀਤੀਆਂ ਗਈਆਂ ਹਨ ਜਿਹੜੇ ਯਿਸੂ ਨੂੰ ਜਾਣਦੇ ਸਨ।
- ਗੈਰ ਵਿਸ਼ਵਾਸੀਆਂ ਦੇ ਪੜ੍ਹਨ ਲਈ ਉਨ੍ਹਾਂ ਨੂੰ ਇਕ ਇੰਜ਼ੀਲ ਦਿਓ।
- ਵਿਸ਼ਵਾਸੀਆਂ ਦੇ ਕੋਲ ਪੂਰੀ ਇੱਕ ਇੰਜ਼ੀਲ ਪੜ੍ਹਨ ਦੀ ਯੋਜਨਾ ਨਾਲ ਛੱਡ ਕੇ ਜਾਓ।

**3. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੀ ਮੰਡਲੀ ਦੀ ਅਰਾਧਨਾ ਬਾਰੇ ਯੋਜਨਾ ਬਣਾਓ।**

ਬੱਚਿਆਂ ਨੂੰ ਉਨ੍ਹਾਂ ਦਾ ਨਾਟਕ ਅਤੇ ਪ੍ਰਸ਼ਨ ਜਿਹੜੇ ਉਨ੍ਹਾਂ ਤਿਆਰ ਕੀਤੇ ਹਨ, ਪੇਸ਼ ਕਰਨ ਦਿਓ।

ਦੱਸੋ ਕਿ ਕਿਵੇਂ ਚਾਰ ਇੰਜ਼ੀਲਾਂ ਦੂਜੀਆਂ ਧਾਰਮਿਕ ਪੁਸਤਕਾਂ ਨਾਲੋਂ ਜਿਹੜੀਆਂ ਝੂਠੇ ਦੇਵਤਿਆਂ ਬਾਰੇ ਜਾਂ ਕਿਸੇ ਦੇ ਸੁਫਨਿਆਂ ਬਾਰੇ ਦੱਸਦੀਆਂ ਹਨ, ਉਨ੍ਹਾਂ ਤੋਂ ਵੱਖ ਇਕ ਸੱਚਾ ਇਤਹਾਸ ਹਨ।

ਚਾਰ ਵਿਸ਼ਵਾਸੀਆਂ ਨੂੰ ਮਰਕੁਸ, ਮੱਤੀ, ਲੂਕਾ ਅਤੇ ਯੂਹੰਨਾ ਦਾ ਪ੍ਰਤੀਨਿਧ ਕਰਨ ਦਿਓ। ਉਹ ਆਪਣੇ ਆਪ ਦੀ ਪਛਾਣ ਕਰਾਉਣ ਅਤੇ ਉਨ੍ਹਾਂ ਤੱਥਾਂ ਬਾਰੇ ਦੱਸਣ, ਜਿਹੜੇ ਭਾਗ 1 ਹੇਠਾਂ ਦਿੱਤੇ ਗਏ ਹਨ।

ਮਰਕੁਸ: ''ਮੈਂ ਮਰਕੁਸ ਹਾਂ। ਮੈਂ ਪੌਲੁਸ ਅਤੇ ਬਰਨਾਬਾਸ ਨਾਲ ਉਨ੍ਹਾਂ ਦੀ ਪਹਿਲੀ ਪ੍ਰਚਾਰਕ ਯਾਤਰਾ ਤੇ ਨਾਲ ਗਿਆ, ਪਰ ਮੈਨੂੰ ਡਰ ਲੱਗਾ ਅਤੇ ਮੈਂ ਵਾਪਸ ਮੁੜ ਗਿਆ। ਪੌਲੁਸ ਬਹੁਤ ਦੇਰ ਤੱਕ ਮੇਰੇ ਨਾਲ ਨਾਰਾਜ਼ ਰਿਹਾ, ਪਰ ਅਖ਼ੀਰ ਉਸਨੇ ਮੈਨੂੰ ਮਾਫ਼ ਕਰ ਦਿੱਤਾ ਅਤੇ ਮੇਰੀ ਮਦਦ ਮੰਗੀ।''

ਮੱਤੀ: ''ਮੈਂ ਮੱਤੀ ਚੇਲਾ ਹਾਂ, ਜਿਸਨੂੰ ਲੇਵੀ ਵੀ ਕਿਹਾ ਜਾਂਦਾ ਹੈ। ਮੈਂ ਰੋਮੀਆਂ ਲਈ ਮਸੂਲ ਇਕੱਠਾ ਕਰਦਾ ਸੀ, ਜਿਸ ਕਾਰਨ ਯਹੂਦੀ ਮੇਰੇ ਨਾਲ ਨਰਾਜ਼ ਸਨ। ਯਿਸੂ ਪਿੱਛੇ ਚੱਲਣ ਤੋਂ ਪਹਿਲਾਂ ਮੇਰੇ ਬਹੁਤ ਜਿਆਦਾ ਬੁਰੇ ਮਿੱਤਰ ਸਨ।

ਲੂਕਾ : ''ਮੈਂ ਡਾ.ਲੂਕਾ, ਇੱਕ ਵੈਦ ਹਾਂ। ਬਹੁਤ ਸਾਰੇ ਯੂਨਾਨੀਆਂ ਦੀ ਤਰ੍ਹਾਂ, ਮੈਂ ਯਿਸੂ ਦੀ ਸਿੱਖਿਆ ਤੇ ਵਿੱਚਾਰ ਕਰਦਾ ਹਾਂ। ਮੈਂ ਪੌਲੁਸ ਨਾਲ ਬਹੁਤ ਸਾਰੀਆਂ ਪ੍ਰਚਾਰ ਯਾਤਰਾਵਾਂ ਤੇ ਗਿਆ। ਮੈਂ ਪਵਿੱਤਰ ਆਤਮਾ ਨੂੰ ਵੱਖ-ਵੱਖ ਦੇਸ਼ਾਂ ਦੇ ਲੋਕਾਂ ਨੂੰ ਬਦਲਦਿਆਂ ਵੇਖਿਆ, ਜਦੋਂ ਅਸੀਂ ਉਨ੍ਹਾਂ ਨੂੰ ਯਿਸੂ ਬਾਰੇ ਦੱਸਿਆ ਅਤੇ ਨਵੀਆਂ ਮੰਡਲੀਆਂ ਵਿੱਚ ਇਕੱਠਾ ਕੀਤਾ।''

ਯੂਹੰਨਾ : ''ਮੈਂ ਯੂਹੰਨਾ ਹਾਂ, ਜਿਹੜਾ ਯਿਸੂ ਦੀ ਖਾਲੀ ਕਬਰ ਤੇ ਸਭ ਤੋਂ ਪਹਿਲਾਂ ਪਹੁੰਚਿਆ। ਮੈਂ ਹੀ ਸਿਰਫ ਇੱਕ ਚੇਲਾ ਹਾਂ, ਜਿਹੜਾ ਸ਼ਹੀਦ ਹੋ ਕੇ ਨਹੀਂ ਮਰਿਆ। ਹਾਲਾਂਕਿ ਮੈਂ ਬਨਵਾਸ ਵਿੱਚ ਸੀ, ਪਰਮੇਸ਼ੁਰ ਨੇ ਮੈਨੂੰ ਯਿਸੂ ਕੋਲੋਂ ਸੰਦੇਸ਼ ਲਿਖਣ ਲਈ ਬੁਢਾਪੇ ਤੱਕ ਪਹੁੰਚਾਇਆ।

ਵਿਸ਼ਵਾਸੀਆਂ ਨੂੰ ਉੱਚੀ ਅਵਾਜ਼ ਨਾਲ ਦੱਸਣ ਦਿਓ ਕਿ ਕਿਵੇਂ ਇੰਜ਼ੀਲਾਂ ਵਿੱਚੋਂ ਵਰਨਣ ਨੇ ਉਨ੍ਹਾਂ ਦੀ ਮਦਦ ਕੀਤੀ।


ਪ੍ਰਭੂ ਭੋਜ ਸ਼ੁਰੂ ਕਰਨ ਲਈ, ਮੱਤੀ 27:27-31 ਪੜ੍ਹੋ। ਦੱਸੋ ਕਿ ਯਿਸੂ ਦੇ ਦੁੱਖ ਸਾਡੇ ਪਾਪਾਂ ਦੀ ਸਜਾ ਸੀ। ਉਸ ਨੇ ਸਾਡੇ ਲਈ ਦੁੱਖ, ਉਠਾਇਆ ਅਤੇ ਮਰਿਆ। ਜਦੋਂ ਵੀ ਅਸੀਂ ਪ੍ਰਭੂ ਭੋਜ ਮਨਾਉਂਦੇ ਹਾਂ ਤਾਂ ਅਸੀਂ ਹਰ ਵਾਰ ਇਹ ਯਾਦ ਕਰਦੇ ਹਾਂ।

ਇਕੱਠੇ ਮਿਲਕੇ ਯੂਹੰਨਾ 8:31-32 ਯਾਦ ਕਰੋ।

**7ਵੀਂ ਸਦੀ ਦੀ ਚਿੱਤਰਕਾਰੀ ਜਿਸਨੂੰ ਲਿਡਿੰਸਫਾਰਨ ਇੰਜ਼ੀਲਾਂ ਕਿਹਾ ਜਾਂਦਾ ਹੈ:**



ਮੱਤੀ



ਮਰਕੁਸ



ਲੂਕਾ



ਯੂਹੰਨਾ

Copyright 2004 © by Paul-Timothy. May be freely copied. Download from www.Paul-Timothy.net